

# ਇਮੀਗ੍ਰੈਂਟ ਨਿਊ ਯਾਰਕ ਦੇ ਨਿਵਾਸੀਆਂ ਲਈ ਇੱਕ ਸਰੋਤ ਗਾਈਡ

NYC Mayor's Office of Immigrant Affairs

### ਨਿਊ ਯਾਰਕ ਦੇ ਸਾਰੇ ਨਵੇਂ ਨਿਵਾਸੀ ਬਿਨਾਂ ਕਿਸੇ ਡਰ ਦੇ ਦੇਖਭਾਲ ਅਤੇ ਸਹਾਇਤਾ ਮੰਗ ਸਕਦੇ ਹਨ

## ਇਮੀਗ੍ਰੇਸ਼ਨ ਕਾਨੂੰਨੀ ਮਦਦ

ਮੁਫ਼ਤ, ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਮਦਦ ਲਈ, ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤਕ, ActionNYC ਨੂੰ **800-354-0365** 'ਤੇ ਕਾਲ ਕਰੋ। ਸਿਰਫ ਕਿਸੇ ਭਰੋਸੇਮੰਦ, ਲਾਇਸੰਸਸ਼ੁਦਾ ਅਟਾਰਨੀ ਜਾਂ ਕਿਸੇ ਮਾਨਤਾ ਪ੍ਰਾਪਤ ਪ੍ਰਤਿਨਿਧੀ ਤੋਂ ਸਹਾਇਤਾ ਪ੍ਰਾਪਤ ਕਰੋ।

## ਇਮੀਗ੍ਰੈਂਟ ਪਰਿਵਾਰਾਂ ਦਾ ਸਮਰਥਨ ਕਰਨਾ

### ਸਿਹਤ ਦੇਖਭਾਲ

- ਟੀਕਾ ਲਗਵਾਉਣ, ਦੇਖਭਾਲ, ਜਾਂਚ ਕਰਵਾਉਣ, ਜਾਂ COVID-19 ਦਾ ਇਲਾਜ ਕਰਾਉਣ ਨਾਲ ਤੁਹਾਡੀ ਇਮੀਗ੍ਰੇਸ਼ਨ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ। ਆਪਣੇ ਨੇੜੇ **nyc.gov/covidtest** 'ਤੇ ਕੋਈ ਮੁਫ਼ਤ ਟੈਸਟਿੰਗ ਸਾਈਟ ਲੱਭੋ ਜਾਂ **212-COVID19 (212-268-4319)** 'ਤੇ ਕਾਲ ਕਰੋ।
- ਮੁਫ਼ਤ ਯੋਜਨਾਵਾਂ ਸਮੇਤ, ਸਿਹਤ ਬੀਮਾ ਯੋਜਨਾਵਾਂ ਵਿੱਚ ਦਾਖਲ ਹੋਵੋ, ਇਸਦੇ ਲਈ **nyc.gov/getcoverednyc** 'ਤੇ ਜਾਓ ਜਾਂ **311** 'ਤੇ ਕਾਲ ਕਰੋ। ਜੇ ਤੁਸੀਂ ਸਿਹਤ ਬੀਮੇ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਤਾਂ NYC Care ਬਹੁਤ ਘੱਟ ਤੋਂ ਲੈ ਕੇ ਬਿਨਾਂ ਲਾਗਤ ਤਕ ਦੀਆਂ ਸੇਵਾਵਾਂ ਦੀ ਗਰੰਟੀ ਦਿੰਦਾ ਹੈ। ਇਮੀਗ੍ਰੇਸ਼ਨ ਸਥਿਤੀ ਕੋਈ ਮਾਇਨੇ ਨਹੀਂ ਰੱਖਦੀ ਹੈ। **646-NYC-Care (646-692-2273)** 'ਤੇ ਕਾਲ ਕਰੋ ਜਾਂ **nyccare.nyc** 'ਤੇ ਜਾਓ।
- ਕੀ ਤੁਸੀਂ ਤਣਾਉ ਗ੍ਰਸਤ ਜਾਂ ਵਿਆਕੁਲ ਮਹਿਸੂਸ ਕਰ ਰਹੇ ਹੋ? ਗੁਪਤ ਸਹਾਇਤਾ ਲਈ ਅਤੇ ਮਾਨਸਿਕ ਸਿਹਤ ਦੇਖਭਾਲ ਅਤੇ ਪਦਾਰਥਾਂ ਦੀ ਵਰਤੋਂ ਬਾਰੇ ਸਰੋਤਾਂ ਨਾਲ ਜੁੜਨ ਲਈ ਇੱਕ NYC Well ਸਲਾਹਕਾਰ ਨਾਲ ਗੱਲ ਕਰੋ। **nyc.gov/nycwell** 'ਤੇ ਜਾਓ, **888-NYC-Well (888-692-9355)** 'ਤੇ ਕਾਲ ਕਰੋ, ਜਾਂ WELL ਲਿਖ ਕੇ **65173** 'ਤੇ ਸੁਨੇਹਾ ਭੇਜੋ।

### ਸਿੱਖਿਆ

- NYC ਦੇ ਸਾਰੇ 4 ਸਾਲ ਦੀ ਉਮਰ ਦੇ ਬੱਚੇ ਪ੍ਰੀ-ਕੇ (Pre-K) ਲਈ ਯੋਗ ਹਨ ਅਤੇ 21 ਸਾਲ ਦੇ ਹੋਣ ਤੱਕ ਪਬਲਿਕ ਸਕੂਲ ਵਿੱਚ ਜਾ ਸਕਦੇ ਹਨ। ਕੁਝ ਇਲਾਕਿਆਂ ਵਿੱਚ 3 ਸਾਲ ਦੀ ਉਮਰ ਦੇ ਬੱਚਿਆਂ ਲਈ "3-K" ਵੀ ਉਪਲਬਧ ਹੋ ਸਕਦਾ ਹੈ। ਦਾਖ਼ਲਾ ਲੈਣ ਲਈ, **schools.nyc.gov/enrollment** 'ਤੇ ਜਾਓ ਜਾਂ **311** 'ਤੇ ਕਾਲ ਕਰੋ।
- We Speak NYC ਤੋਂ ਮੁਫ਼ਤ ਵਿੱਚ ਅੰਗ੍ਰੇਜ਼ੀ ਸਿੱਖੋ। ਅੰਗ੍ਰੇਜ਼ੀ ਭਾਸ਼ਾ ਦੇ ਦਰਮਿਆਨੇ ਪੱਧਰ ਦੇ ਸਿਖਿਆਰਥੀ ਆਨਲਾਈਨ ਗੱਲਬਾਤ ਦੀਆਂ ਕਲਾਸਾਂ ਲਈ ਸਾਈਨ-ਅਪ ਕਰਨ ਵਾਸਤੇ **wespeaknyc.cityofnewyork.us** 'ਤੇ ਜਾ ਸਕਦੇ ਹਨ।

### ਐਮਰਜੈਂਸੀ ਭੋਜਨ

- ਪੂਰੇ NYC ਵਿੱਚ ਕਈ ਸਥਾਨਾਂ 'ਤੇ ਮੁਫ਼ਤ ਸ਼ਾਕਾਹਾਰੀ, ਹਲਾਲ ਅਤੇ ਕੋਸ਼ਰ ਭੋਜਨ ਉਪਲਬਧ ਹਨ। ਨਿਊ ਯਾਰਕ ਦੇ ਯੋਗ ਨਿਵਾਸੀਆਂ ਲਈ ਡਿਲਿਵਰੀ ਦੀਆਂ ਚੋਣਾਂ ਉਪਲਬਧ ਹਨ। **nyc.gov/getfood** 'ਤੇ ਹੋਰ ਜਾਣੋ ਜਾਂ **311** 'ਤੇ ਕਾਲ ਕਰੋ ਅਤੇ "Get Food" ਬੋਲੋ।

## ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ

### ਜਨਤਕ ਸੁਰੱਖਿਆ

- ਕਾਨੂੰਨਨ, NYPD ਅਪਰਾਧ ਦੇ ਪੀੜਤਾਂ, ਗਵਾਹਾਂ, ਜਾਂ ਮਦਦ ਮੰਗਣ ਵਾਲੇ ਹੋਰ ਲੋਕਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛ ਸਕਦਾ ਹੈ। ਉਸ ਕਿਸੇ ਵੀ ਵਿਅਕਤੀ ਨੂੰ **911** 'ਤੇ ਕਾਲ ਕਰਨੀ ਚਾਹੀਦੀ ਹੈ ਜੋ ਕਿਸੇ ਅਪਰਾਧ ਦਾ ਸ਼ਿਕਾਰ ਹੋਇਆ ਹੈ ਜਾਂ ਜਿਸ ਨੇ ਕੋਈ ਅਪਰਾਧ ਦੇਖਿਆ ਹੈ।

### ਵਿਤਕਰੇ ਤੋਂ ਸੁਰੱਖਿਆ

- ਨਿਊ ਯਾਰਕ ਵਿੱਚ ਕਿਸੇ ਵਿਅਕਤੀ ਦੀ ਨਸਲ, ਧਰਮ, ਜਾਂ ਇਮੀਗ੍ਰੇਸ਼ਨ ਸਥਿਤੀ ਦੇ ਅਧਾਰ 'ਤੇ ਉਸਦੇ ਨਾਲ ਵਿਤਕਰੇ, ਬਦਲੇ ਅਤੇ ਪਰੇਸ਼ਾਨ ਕਰਨ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ। ਪਰੇਸ਼ਾਨ ਕੀਤੇ ਜਾਣ ਜਾਂ ਵਿਤਕਰੇ ਬਾਰੇ ਰਿਪੋਰਟ ਕਰਨ ਲਈ, ਮਨੁੱਖੀ ਅਧਿਕਾਰਾਂ ਬਾਰੇ NYC ਕਮਿਸ਼ਨ ਨੂੰ **212-416-0197** 'ਤੇ ਕਾਲ ਕਰੋ।

### IDNYC

- IDNYC, NYC ਦੇ 10 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਵਸਨੀਕਾਂ ਲਈ ਇੱਕ ਮੁਫ਼ਤ ਸਰਕਾਰ ਦੁਆਰਾ ਜਾਰੀ ਕੀਤਾ ਜਾਂਦਾ ਫੋਟੋ ਆਈਡੀ ਕਾਰਡ ਹੈ ਅਤੇ ਬਹੁਤ ਤਰ੍ਹਾਂ ਦੀਆਂ ਸੇਵਾਵਾਂ ਅਤੇ ਛੋਟਾਂ ਤੱਕ ਪਹੁੰਚ ਮੁਹੱਈਆ ਕਰਦਾ ਹੈ। IDNYC ਬਿਨੈਕਾਰਾਂ ਦੀ ਜਾਣਕਾਰੀ ਗੁਪਤ ਹੁੰਦੀ ਹੈ। ਇਮੀਗ੍ਰੇਸ਼ਨ ਸਥਿਤੀ ਕੋਈ ਮਾਇਨੇ ਨਹੀਂ ਰੱਖਦੀ ਹੈ। ਆਨਲਾਈਨ ਨਵਿਆਓ ਜਾਂ ਦਾਖਲ ਹੋਣ ਲਈ **nyc.gov/idnyc** 'ਤੇ ਕਾਲ ਕਰੋ ਜਾਂ **311** 'ਤੇ ਕਾਲ ਕਰੋ।

### ਘਰੇਲੂ ਹਿੰਸਾ ਤੋਂ ਰੱਖਿਆ

- ਜੇ ਤੁਸੀਂ ਦੁਰਵਿਹਾਰ ਦਾ ਸਾਹਮਣਾ ਕਰ ਰਹੇ ਹੋ ਤਾਂ ਸ਼ਹਿਰ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ। ਤੁਸੀਂ **nyc.gov/nychope** 'ਤੇ ਜਾ ਸਕਦੇ ਹੋ ਜਾਂ NYC ਦੀ ਘਰੇਲੂ ਹਿੰਸਾ ਬਾਰੇ ਹੋਟਲਾਈਨ ਨੂੰ **800-621-HOPE** 'ਤੇ ਕਾਲ ਕਰ ਸਕਦੇ ਹੋ।

## ਤੁਹਾਡੇ ਕੋਲ ਅਧਿਕਾਰ ਹਨ

### ICE (ਇਮੀਗ੍ਰੇਸ਼ਨ ਇਨਫੋਰਸਮੈਂਟ) ਦੇ ਕੋਲ ਆਪਣੇ ਅਧਿਕਾਰਾਂ ਬਾਰੇ ਜਾਣੋ

- ਸਿਟੀ ਇਮੀਗ੍ਰੇਸ਼ਨ ਲਾਗੂਕਰਨ ਦਾ ਕੰਮ ਨਹੀਂ ਕਰਦੀ ਹੈ। ਜੇ ਫੈਡਰਲ ਇਮੀਗ੍ਰੇਸ਼ਨ ਲਾਗੂਕਰਨ ਦੇ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰਦੇ ਹਨ, ਤਾਂ ਤੁਹਾਡੇ ਕੋਲ ਅਧਿਕਾਰ ਹਨ। ਮੁਫ਼ਤ ਅਤੇ ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਮਦਦ ਲਈ **nyc.gov/knowyourrights** 'ਤੇ ਜਾਓ ਜਾਂ ActionNYC ਨੂੰ **800-354-0365** 'ਤੇ ਕਾਲ ਕਰੋ।

### ਕਿਰਾਏਦਾਰਾਂ ਦੇ ਅਧਿਕਾਰ

- ਜੇ ਤੁਸੀਂ ਰਿਹਾਇਸ਼ੀ ਕਿਰਾਏਦਾਰ ਹੋ ਅਤੇ ਤੁਹਾਨੂੰ ਬੇਦਖ਼ਲੀ ਜਾਂ ਤੁਹਾਡੇ ਮਕਾਨ-ਮਾਲਕ ਨਾਲ ਜੁੜੇ ਕਿਸੇ ਵੀ ਮੁੱਦੇ ਵਿੱਚ ਮਦਦ ਚਾਹੀਦੀ ਹੈ, ਤਾਂ **nyc.gov/tenantprotection** 'ਤੇ ਜਾਓ ਜਾਂ **311** 'ਤੇ ਕਾਲ ਕਰੋ ਅਤੇ ਮੁਫ਼ਤ ਕਾਨੂੰਨੀ ਮਦਦ ਲਈ "tenant helpline" ਬੋਲੋ। ਰਿਹਾਇਸ਼ ਬਾਰੇ ਵਾਧੂ ਸਹਾਇਤਾ ਲਈ **nyc.gov/housing** 'ਤੇ ਜਾਓ।

### ਕਰਮਚਾਰੀਆਂ ਦੇ ਅਧਿਕਾਰ

- ਨਿਊ ਯਾਰਕ ਸਿਟੀ ਦੇ ਕਾਨੂੰਨ ਤਹਿਤ ਤੁਹਾਨੂੰ ਤਨਖਾਹ ਸਮੇਤ ਬਿਮਾਰੀ ਦੀ ਛੁੱਟੀ ਦਾ ਅਧਿਕਾਰ ਹੈ। ਇਮੀਗ੍ਰੇਸ਼ਨ ਸਥਿਤੀ ਕੋਈ ਮਾਇਨੇ ਨਹੀਂ ਰੱਖਦੀ ਹੈ। ਕੰਮ ਕਰਨ ਦੇ ਅਧਿਕਾਰ ਵਾਲੇ ਇਮੀਗ੍ਰੈਂਟ ਨਿਊ ਯਾਰਕ ਦੇ ਨਿਵਾਸੀ ਬੇਰੁਜ਼ਗਾਰੀ ਬੀਮਾ ਲਾਭਾਂ ਲਈ ਯੋਗ ਹੋ ਸਕਦੇ ਹਨ। ਸਰੋਤਾਂ ਲਈ **nyc.gov/workers** 'ਤੇ ਜਾਓ ਜਾਂ **212-436-0381** 'ਤੇ ਕਾਲ ਕਰੋ।

### Ask MOIA ਹੋਟਲਾਈਨ

- ਜੇ ਤੁਹਾਡੇ ਕੋਲ ਇਮੀਗ੍ਰੇਸ਼ਨ ਜਾਂ ਸਿਟੀ ਸੇਵਾਵਾਂ ਤਕ ਪਹੁੰਚਣ ਬਾਰੇ ਕੋਈ ਸਵਾਲ ਹਨ, ਤਾਂ ਤੁਹਾਡੀ ਭਾਸ਼ਾ ਵਿੱਚ ਸਹਾਇਤਾ ਉਪਲਬਧ ਹੈ। ਮੇਅਰ ਦੇ ਇਮੀਗ੍ਰੇਸ਼ਨ ਮਾਮਲਿਆਂ ਬਾਰੇ ਆਫਿਸ (MOIA) ਦੀ ਹੋਟਲਾਈਨ ਨੂੰ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ 5 ਵਜੇ ਤਕ **212-788-7654** 'ਤੇ ਕਾਲ ਕਰੋ, ਜਾਂ **askmoia@cityhall.nyc.gov** 'ਤੇ ਈਮੇਲ ਭੇਜੋ।

Rev. 01/2021 Punjabi